ਪੰਜਾਬ ਸਰਕਾਰ

ਸਿਹਤ ਤੇ ਪਰਿਵਾਰ ਭਲਾਈ ਵਿਭਾਗ

(ਸਿਹਤ 2 ਸ਼ਾਖਾ)

ਅਤਿ-ਜਰੂਰੀ/ਈ.ਮੇਲ

ਸੇਵਾ ਵਿਖੇ,

ਡਾਇਰੈਕਟਰ,
ਸਿਹਤ ਤੇ ਪਰਿਵਾਰ ਭਲਾਈ,
ਪੰਜਾਬ, ਚੰਡੀਗੜ੍ਹ

ਮੀਮੋ ਨੰ: HFW-HLH2026A/3/2021-4H2/6375
ਮਿਤੀ,ਚੰਡੀਗੜ੍ਹ: 08/10/21

ਵਿਸ਼ਾ: ਫੈਲੋਸ਼ਿਪ ਕੋਰਸ ਕਰਨ ਲਈ ਐਨ.ਓ.ਸੀ ਜਾਰੀ ਕਰਨ ਸਬੰਧੀ ਪਾਲਿਸੀ ਤਿਆਰ ਕਰਨ ਬਾਰੇ।

ਉਪਰੋਕਤ ਵਿਸ਼ੇ ਤੇ ਆਪ ਦੇ ਨੰ: ਈ 4(3)ਪੰ:2021/7465 ਮਿਤੀ 10.09.2021 ਦੇ ਹਵਾਲੇ ਵਿੱਚ।

2. ਵਿਸ਼ਾ ਅੰਕਿਤ ਮਾਮਲੇ ਸਬੰਧੀ ਸਰਕਾਰ ਵੱਲੋ ਮੈਡੀਕਲ ਅਫਸਰਾਂ ਨੂੰ ਫੈਲੋਸ਼ਿਪ ਕੋਰਸ ਕਰਨ ਲਈ ਐਨ.ਓ.ਸੀ ਜਾਰੀ ਕਰਨ ਸਬੰਧੀ ਪਾਲਿਸੀ ਤਿਆਰ ਕਰਨ ਦਾ ਮਾਮਲਾ ਵਿਚਾਰ ਅਧੀਨ ਚੱਲ ਰਿਹਾ ਹੈ। ਇਸ ਸਬੰਧੀ ਆਪ ਨੂੰ ਡਰਾਫਟ ਪਾਲਿਸੀ ਦੀ ਕਾਪੀ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਡਰਾਫਟ ਪਾਲਿਸੀ ਨੂੰ ਟਿੱਪਣੀ/ਸੁਝਾਅ ਪ੍ਰਾਪਤ ਕਰਨ ਲਈ ਸਰਕਾਰ ਦੀ ਵੈਬਸਾਇਟ ਤੇ ਵੀ ਅਪਲੋਡ ਕੀਤਾ ਜਾਵੇ।

3. ਇਸ ਨੂੰ ਪਰਮ ਅਗੇਤ ਦਿੱਤੀ ਜਾਵੇ।

ਨੱਥੀ:- ਉਕਤ ਅਨੁਸਾਰ।

ਸੁਪਰਡੰਟ

ਵਿਸ਼ਾ: ਫੈਲੋਸ਼ਿਪ ਕੋਰਸ ਕਰਨ ਲਈ ਐਨ.ਓ.ਸੀ ਜਾਰੀ ਕਰਨ ਸਬੰਧੀ ਡਰਾਫਟ ਪਾਲਿਸੀ ਤੇ ਟਿੱਪਣੀ/ਸੁਝਾਅ ਭੇਜਣ ਬਾਰੇ।

*********

ਉਪਰੋਕਤ ਵਿਸ਼ੇ ਦੇ ਹਵਾਲੇ ਵਿੱਚ।

2. ਫੈਲੋਸਿਪ ਕੋਰਸ ਕਰਨ ਦੀ ਵੱਧ ਤੋ ਵੱਧ ਮਿਆਦ 02 ਸਾਲ ਤੱਕ ਦੀ ਹੋਵੇਗੀ। ਫੈਲੋਸਿਪ ਕੋਰਸ ਕਰਨ ਲਈ ਐਨ.ਓ.ਸੀ. ਹੇਠ ਲਿਖੀਆ ਸ਼ਰਤਾ ਤੇ ਜਾਰੀ ਕੀਤਾ ਜਾਵੇਗਾ:-

ੳ) ਪੰਜਾਬ ਰਾਜ ਦੇ ਸਰਕਾਰੀ ਅਦਾਰਿਆਂ ਵਿੱਚ ਸਰਕਾਰੀ ਖਰਚੇ ਤੇ:-

1. ਫੈਲੋਸ਼ਿਪ ਕੋਰਸ ਕਰਨ ਲਈ ਹੇਠ ਲਿਖੇ ਅਨੁਸਾਰ ਬਾਂਡ ਭਰਨਾ ਪਵੇਗਾ:-
   1 ਸਾਲ ਦਾ ਕੋਰਸ ਜਾਂ ਇਸ ਤੋ ਘੱਟ- 03 ਲੱਖ ਦਾ ਬਾਂਡ 02 ਸਾਲ ਲਈ
   1 ਸਾਲ ਤੋ ਵੱਧ ਅਤੇ 02 ਸਾਲ ਤੱਕ ਦਾ ਕੋਰਸ - 05 ਲੱਖ ਦਾ ਬਾਂਡ 03 ਸਾਲ ਲਈ
   ਸਬੰਧਤ ਡਾਇਰੈਕਟਰ ਬਾਂਡ ਭਰਵਾਉਣ ਉਪਰੰਤ ਡਾਕਟਰ ਨੂੰ ਰਲੀਵ ਕਰਨਗੇ ਅਤੇ ਲੋੜੀਦੇ ਇੰਦਰਾਜ ਸੇਵਾ ਪੱਤਰੀ ਵਿੱਚ ਕੀਤੇ ਜਾਣਗੇ।
2. ਫੈਲੋਸਿਪ ਕੋਰਸ ਕਰਨ ਲਈ ਘੱਟੋ-ਘੱਟ 02 ਸਾਲ ਦੀ ਸੇਵਾ ਜਰੂਰੀ ਹੋਵੇਗੀ।
3. ਡਾਕਟਰ ਦਾ ਪਰਖਕਾਲ ਸਮਾਂ ਪਾਰ ਹੋਵੇ।
4. ਜੇਕਰ ਡਾਕਟਰ ਵੱਲੋ ਫੈਲੋਸਿਪ ਕੋਰਸ ਵਿਚਕਾਰ ਹੀ ਛੱਡ ਦਿੱਤਾ ਜਾਂਦਾ ਹੈ ਤਾਂ ਉਹ ਫੈਲੋਸਿਪ ਕੋਰਸ ਕਰਨ ਲਈ ਅਗਲੇ 05 ਸਾਲ ਲਈ ਡੀਬਾਰ ਹੋ ਜਾਵੇਗਾ।
5. ਡਾਕਟਰ ਵਿਰੁੱਧ ਕੋਈ ਦੋਸ਼ ਸੂਚੀ/ਪੜਤਾਲ ਲੰਬਤ ਨਾ ਹੋਵੇ।
6. ਸਰਕਾਰੀ ਖਰਚੇ ਤੇ ਫੈਲੋਸਿਪ ਕੋਰਸ ਕਰਨ ਦਾ ਸਮਾਂ on duty treat ਕੀਤਾ ਜਾਵੇਗਾ।

ਅ) ਪੰਜਾਬ ਰਾਜ ਅਤੇ ਪੰਜਾਬ ਰਾਜ ਤੋ ਬਾਹਰ ਦੇ ਸਰਕਾਰੀ/ਪ੍ਰਾਈਵੇਟ ਅਦਾਰਿਆਂ ਵਿੱਚ ਆਪਣੇ ਖਰਚੇ ਤੇ:-

1. ਫੈਲੋਸ਼ਿਪ ਕੋਰਸ ਕਰਨ ਲਈ ਹੇਠ ਲਿਖੇ ਅਨੁਸਾਰ ਬਾਂਡ ਭਰਨਾ ਪਵੇਗਾ:-
   1 ਸਾਲ ਦਾ ਕੋਰਸ ਜਾਂ ਇਸ ਤੋ ਘੱਟ- 01 ਲੱਖ ਦਾ ਬਾਂਡ 01 ਸਾਲ ਲਈ
   1 ਸਾਲ ਤੋ ਵੱਧ ਅਤੇ 02 ਸਾਲ ਤੱਕ ਦਾ ਕੋਰਸ - 02 ਲੱਖ ਦਾ ਬਾਂਡ 02 ਸਾਲ ਲਈ
   ਸਬੰਧਤ ਡਾਇਰੈਕਟਰ ਬਾਂਡ ਭਰਵਾਉਣ ਉਪਰੰਤ ਡਾਕਟਰ ਨੂੰ ਰਲੀਵ ਕਰਨਗੇ ਅਤੇ ਲੋੜੀਦੇ ਇੰਦਰਾਜ ਸੇਵਾ ਪੱਤਰੀ ਵਿੱਚ ਕੀਤੇ ਜਾਣਗੇ।
2. ਡਾਕਟਰ ਦਾ ਪਰਖਕਾਲ ਸਮਾਂ ਪਾਰ ਨਹੀ ਹੈ ਤਾਂ ਫੈਲੋਸਿਪ ਕੋਰਸ ਕਰਨ ਲਈ ਘੱਟੋ-ਘੱਟ 01 ਸਾਲ ਦੀ ਸੇਵਾ ਜਰੂਰੀ ਹੋਵੇਗੀ।
3. ਜੇਕਰ ਡਾਕਟਰ ਵੱਲੋ ਫੈਲੋਸਿਪ ਕੋਰਸ ਵਿਚਕਾਰ ਹੀ ਛੱਡ ਦਿੱਤਾ ਜਾਂਦਾ ਹੈ ਤਾਂ ਉਹ ਫੈਲੋਸਿਪ ਕੋਰਸ ਕਰਨ ਲਈ ਅਗਲੇ 05 ਸਾਲ ਲਈ ਡੀਬਾਰ ਹੋ ਜਾਵੇਗਾ।
4. ਡਾਕਟਰ ਵਿਰੁੱਧ ਕੋਈ ਦੋਸ਼ ਸੂਚੀ/ਪੜਤਾਲ ਲੰਬਤ ਨਾ ਹੋਵੇ।
5. ਫੈਲੋਸਿਪ ਕੋਰਸ ਦਾ ਸਮਾਂ ਬਣਦੀ ਛੁੱਟੀ ਤਸੱਵਰ ਕੀਤਾ ਜਾਵੇਗਾ।